NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

16 March 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਕ੍ਰਾਈਸਟਚਰਚ ਹਮਲੇ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਲੋਕ





# ਨਿਊਜ਼ੀਲੈਂਡ ਸ਼ੂਟਿੰਗ: ਚਸ਼ਮਦੀਦ ਨੇ ਕਿਹਾ, ਮੈਂ ਪ੍ਰਾਰਥਨਾ ਕਰ ਰਿਹਾ ਸੀ ਕਿ ਇਸਦੀ ਬੰਦੂਕ ਵਿੱਚੋਂ ਗੋਲੀਆਂ ਮੁੱਕ ਜਾਣ

ਨਿਊਜ਼ੀਲੈਂਡ ਦੀ ਮਸਜਿਦ ਵਿੱਚ ਹੋਈ ਸ਼ੂਟਿੰਗ 'ਚ ਜਾਨ ਬਚਾ ਕੇ ਨਿਕਲੇ ਲੋਕਾਂ ਨੇ ਆਪਣੀ ਹੱਡਬੀਤੀ ਦੱਸੀ। ਕਰਾਈਸਟਚਰਚ ਦੀ ਮਸਜਿਦ ਅਲ ਨੂਰ ਵਿੱਚ ਇਹ ਘਟਨਾ ਓਦੋਂ ਵਾਪਰੀ ਜਦੋਂ ਇੱਕ ਸ਼ਖਸ ਨੇ ਪ੍ਰਾਰਥਨਾ ਕਰ ਰਹੇ ਲੋਕਾਂ 'ਤੇ ਗੋਲੀਆਂ ਚਲਾਉਣਾ ਸ਼ੁਰੂ ਕਰ ਦਿੱਤਾ। ਚਸ਼ਮਦੀਦਾਂ ਨੇ ਦੱਸਿਆ ਕਿ ਗੋਲੀਆਂ ਦੀਆਂ ਆਵਾਜ਼ਾਂ ਸੁਣ ਕੇ ਉਹ ਆਪਣੀ ਜਾਨ ਬਚਾਉਣ ਲਈ ਭੱਜਣ ਲੱਗੇ। ਇੱਕ ਚਸ਼ਮਦੀਦ, ਜਿਸਨੇ ਆਪਣਾ ਨਾਂ ਦੱਸਣ ਤੋਂ ਇਨਕਾਰ ਕੀਤਾ, ਨੇ ਦੱਸਿਆ ਕਿ ਉਸਨੇ ਮੁਲਜ਼ਮ ਨੂੰ ਇੱਕ ਆਦਮੀ ਦੀ ਛਾਤੀ 'ਤੇ ਗੋਲੀਆਂ ਚਲਾਉਂਦੇ ਹੋਏ ਵੇਖਿਆ। ਉਨ੍ਹਾਂ ਮੁਤਾਬਕ 20 ਮਿੰਟਾਂ ਤੱਕ ਗੋਲੀਆਂ ਚਲੀਆਂ ਅਤੇ 60 ਤੋਂ ਵੱਧ ਲੋਕ ਜ਼ਖਮੀ ਹੋਏ। ਉਨ੍ਹਾਂ ਨੇ ਟੀਵੀ ਚੈਨਲ TVNZ ਨੂੰ ਕਿਹਾ, "ਮੈਂ ਪ੍ਰਾਰਥਨਾ ਤੇ ਇਤਜ਼ਾਰ ਕਰ ਰਿਹਾ ਸੀ ਕਿ ਇਸਦੀ ਬੰਦੂਕ ਵਿੱਚੋਂ ਗੋਲੀਆਂ ਮੁੱਕ ਜਾਣ।"ਮੁਲਜ਼ਮ ਮਰਦਾਂ ਦੇ ਕਮਰੇ ਵਿੱਚ ਗੋਲੀਆਂ ਚਲਾਉਣ ਤੋਂ ਬਾਅਦ ਔਰਤਾਂ ਦੇ ਪੂਜਾ ਵਾਲੇ ਕਮਰੇ ਵਿੱਚ ਪਹੁੰਚਿਆ। ਚਸ਼ਮਦੀਦ ਨੇ ਅੱਗੇ ਕਿਹਾ, "ਉਹ ਇਸ ਸਾਈਡ 'ਤੇ ਆਇਆ, ਉਸਨੇ ਗੋਲੀਆਂ ਚਲਾਈਆਂ, ਫਿਰ ਦੂਜੇ ਕਮਰੇ ਵਿੱਚ ਗਿਆ, ਤੇ ਔਰਤਾਂ 'ਤੇ ਗੋਲੀਆਂ ਚਲਾਈਆਂ। ਮੈਂ ਸੁਣਿਆ ਇੱਕ ਔਰਤ ਦੀ ਮੌਤ ਹੋ ਗਈ ਹੈ।"

"ਮੇਰਾ ਭਰਾ ਉੱਥੇ ਹੀ ਹੈ ਤੇ ਮੈਂ ਨਹੀਂ ਜਾਣਦਾ ਕਿ ਉਹ ਸੁਰੱਖਿਅਤ ਵੀ ਹੈ ਜਾਂ ਨਹੀਂ।"

**ਸੈਂਕੜੇ ਗੋਲੀਆਂ ਦੇ ਖੋਲ ਮਿਲੇ**

ਇੱਕ ਹੋਰ ਚਸ਼ਮਦੀਦ ਜੋ ਕਿ ਲੁੱਕ ਗਿਆ ਸੀ, ਨੇ ਦੱਸਿਆ ਕਿ ਲੋਕ ਬਚਣ ਲਈ ਖਿੜਕੀਆਂ ਤੋਂ ਬਾਹਰ ਛਾਲ ਮਾਰ ਰਹੇ ਸਨ। ਉਸ ਨੇ ਰੇਡੀਓ ਨਿਊਜ਼ੀਲੈਂਡ ਨੂੰ ਦੱਸਿਆ, "ਉਸਨੇ ਗੋਲੀਆਂ ਚਲਾਉਣਾ ਸ਼ੁਰੂ ਕੀਤਾ, ਜੋ ਵੀ ਉਸ ਨੂੰ ਜ਼ਿੰਦਾ ਮਿਲਦਾ ਸੀ, ਉਸ 'ਤੇ ਗੋਲੀਆਂ ਚਲਾਉਂਦਾ ਜਾ ਰਹੀਆਂ ਸਨ। ਉਹ ਕਿਸੇ ਨੂੰ ਵੀ ਜ਼ਿੰਦਾ ਨਹੀਂ ਛੱਡਣਾ ਚਾਹੁੰਦਾ ਸੀ।" ਇੱਕ ਹੋਰ ਚਸ਼ਮਦੀਦ ਫਾਰਿਦ ਅਹਿਮਦ ਨੇ ਕਿਹਾ, "ਮੈਂ ਕਮਰੇ 'ਚੋਂ ਵੇਖਿਆ ਕਿ ਇੱਕ ਮੁੰਡਾ ਅੰਦਰ ਆਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਪਿੱਛੇ ਤੋਂ ਉਸ 'ਤੇ ਗੋਲੀ ਚੱਲੀ ਤੇ ਉਹ ਉੱਥੇ ਹੀ ਮਰ ਗਿਆ। ਮੈਂ ਫਰਸ਼ 'ਤੇ ਸੈਂਕੜੇ ਗੋਲੀਆਂ ਦੇ ਖੋਲ ਵੇਖੇ।" ਲਿਨਵੁੱਡ ਮਸਜਿਦ ਵਿੱਚ ਬਚਣ ਵਾਲਿਆਂ ਨੇ ਦੱਸਿਆ ਕਿ ਕਾਲੇ ਰੰਗ ਦੇ ਮੋਟਰਲਾਈਕਲ ਹੈਲਮੇਟ ਵਿੱਚ ਇੱਕ ਸ਼ਖਸ ਨੇ ਕਰੀਬ 100 ਲੋਕਾਂ 'ਤੇ ਗੋਲੀਆਂ ਚਲਾਈਆਂ। ਅਲ ਨੂਰ ਮਸਜਿਦ 'ਤੇ ਹਮਲੇ ਤੋਂ ਕੁਝ ਦੇਰ ਬਾਅਦ ਹੀ ਇਹ ਹਮਲਾ ਹੋਇਆ। ਚਸ਼ਮਦੀਦ ਸਇਅਦ ਅਹਿਮਦ ਨੇ ਦੱਸਿਆ ਕਿ ਗੋਲੀਆਂ ਚਲਾਉਣ ਵੇਲੇ ਉਹ ਸ਼ਖਸ ਕੁਝ ਚੀਖ ਰਿਹਾ ਸੀ। ਉਨ੍ਹਾਂ ਘੱਟੋ-ਘੱਟ ਅੱਠ ਲੋਕਾਂ ਨੂੰ ਮਰਦੇ ਵੇਖਿਆ ਜਿਸ ਵਿੱਚ ਦੋ ਉਨ੍ਹਾਂ ਦੇ ਦੋਸਤ ਸਨ।ਮਸਜਿਦਾਂ ਦੇ ਨੇੜੇ ਦੀਆਂ ਇਮਾਰਤਾਂ ਅਤੇ ਥਾਵਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਨੇੜੇ ਦੇ ਇੱਕ ਰੈਸਟੋਰੈਂਟ ਮੈਨੇਜਰ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਿਸ ਦੀ ਚੇਤਾਵਨੀ ਤੋਂ ਬਾਅਦ ਆਪਣੇ ਬੂਹੇ ਬੰਦ ਕਰ ਲਏ। ਪੈਗਸਸ ਆਰਮਜ਼ ਤੋਂ ਐਲੇਕਸ ਨੇ ਬੀਬੀਸੀ ਨੂੰ ਦੱਸਿਆ, "ਅਸੀਂ ਸਾਇਰਨ ਸੁਣੇ ਅਤੇ ਹੈਲੀਕਾਪਟਰ ਉੱਡਦੇ ਹੋਏ ਵੇਖੇ। ਅਸੀਂ ਟੀਵੀ ਵੇਖ ਰਹੇ ਹਾਂ, ਕੁਝ ਲੋਕ ਡਰੇ ਹੋਏ ਹਨ ਪਰ ਹੁਣ ਸ਼ਾਂਤੀ ਹੈ।"

## ਸਾਰੇ ਧਾਰਮਿਕ ਸਥਾਨਾਂ ਨੂੰ ਦਿੱਤੀ ਸੁਰੱਖਿਆ

ਇਸ ਹਮਲੇ ਤੋਂ ਬਾਅਦ ਨਿਊਜ਼ੀਲੈਂਡ ਵਿਚ ਸਥਿਤ ਹਰ ਧਰਮ ਦੇ ਧਾਰਮਿਕ ਸਥਾਨ ਗੁਰਦੁਆਰੇ, ਮੰਦਰ, ਮਸਜਿਦ ਅਤੇ ਗਿਰਜਾ ਘਰਾਂ ਦੇ ਬਾਹਰ ਸੁਰੱਖਿਆ ਮੁਲਾਜ਼ਮ ਤਾਇਨਾਤ ਕਰ ਦਿੱਤੇ ਗਏ ਹਨ ਅਤੇ ਕਿਸੇ ਵੀ ਵਾਹਨ ਜਾਂ ਵਿਅਕਤੀ 'ਤੇ ਸ਼ੱਕ ਹੋਣ ਦੀ ਸੂਰਤ ਵਿਚ ਉਸ ਦੀ ਜਾਂਚ ਵੀ ਕੀਤੀ ਜਾ ਰਹੀ ਹੈ। ਇਸ ਸਬੰਧੀ ਪਰਮਿੰਦਰ ਸਿੰਘ ਪਾਪਾਟੋਏਟੋਏ ਅਤੇ ਗੁਰਪ੍ਰੀਤ ਸਿੰਘ ਅਰੋੜਾ ਸਾਰਜੈਂਟ ਨੇ 'ਅਜੀਤ' ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਰੱਖਿਆ ਦੇ ਮੱਦੇਨਜ਼ਰ ਗਸ਼ਤ ਪਾਰਟੀਆਂ ਦਾ ਸਮਾਂ ਅਤੇ ਦਾਇਰਾ ਵੀ ਵਧਾਇਆ ਗਿਆ। ਉਨ੍ਹਾਂ ਦੱਸਿਆ ਕਿ ਜੋ ਆਕਲੈਂਡ ਸਿਟੀ ਦੇ ਬਰੀਟੋਮਾਰਟ ਸਟੇਸ਼ਨ ਨੇੜੇ ਦੋ ਅਣਪਛਾਤੇ ਬੈਗਾਂ ਵਿਚ ਬੰਬ ਮਿਲਣ ਦੀਆਂ ਖ਼ਬਰਾਂ ਆਈਆਂ ਸਨ, ਉਹ ਸਭ ਅਫ਼ਵਾਹਾਂ ਸਨ। ਉਨ੍ਹਾਂ ਬੈਗਾਂ ਵਿਚੋਂ ਕੁਝ ਵੀ ਨਹੀਂ ਮਿਲਿਆ ਪਰ ਪੁਲਿਸ ਨੇ ਅਹਿਤਿਆਤ ਦੇ ਤੌਰ 'ਤੇ ਉਸ ਸਟੇਸ਼ਨ ਅਤੇ ਨੇੜਲੇ ਇਲਾਕੇ ਨੂੰ ਕੁਝ ਸਮੇਂ ਲਈ ਖ਼ਾਲੀ ਕਰਵਾ ਜ਼ਰੂਰ ਲਿਆ ਸੀ।



ਮੌਕੇ 'ਤੇ ਤਾਇਨਾਤ ਪੁਲਿਸ ਕਰਮੀ।

# ਨਿਊਜ਼ੀਲੈਂਡ ਮਸਜਿਦ ਹਮਲਾ: ਸ਼ੱਕੀਆਂ ਬਾਰੇ ਕੀ ਕੁਝ ਪਤਾ ਹੈ

ਦਿ ਕ੍ਰਾਈਸਟਚਰਚ ਮਸਜਿਦ ਹਮਲੇ ਦਾ ਬ੍ਰੈਂਟਨ ਟੈਰੰਟ ਦੇ ਨਾਮ ਹੇਠ ਇੰਟਰਨੈੱਟ 'ਤੇ ਸਿੱਧਾ ਪ੍ਰਸਾਰਣ ਕੀਤਾ ਗਿਆ। ਇਸ ਦੇ ਇਲਾਵਾ ਪ੍ਰਸਾਰਣ ਕਰਨ ਵਾਲੇ ਨੇ ਆਪਣੇ-ਆਪ ਨੂੰ ਆਸਟਰੇਲੀਆਈ ਨਾਗਰਿਕ ਦੱਸਿਆ ਸੀ। ਪ੍ਰੇਸ਼ਾਨ ਤੇ ਦੁਖੀ ਕਰ ਦੇਣ ਵਾਲੀ ਇਸ ਵੀਡੀਓ ਵਿੱਚ ਇੱਕ ਵਿਅਕਤੀ ਅਲ-ਨੂਰ ਮਸਜਿਦ ਵਿੱਚ ਹਜ਼ਾਰਾਂ ਲੋਕਾਂ ਤੇ ਅੰਨ੍ਹੇਵਾਹ ਗੋਲੀਆਂ ਵਰਾਉਂਦਾ ਦੇਖਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਇਸ ਵਿਅਕਤੀ ਨੇ ਇੱਕ ਕੱਟੜ ਸੱਜੇ ਪੱਖੀ ਵਿਚਾਰਧਾਰਾ ਦੇ ਪੱਖ ਵਿੱਚ ਇੱਕ ਪੋਸਟ ਵੀ ਪਾਈ ਸੀ। ਹਮਲੇ ਤੋਂ ਇੱਕ ਦਿਨ ਬਾਅਦ ਮੁੱਖ ਮੁਲਜ਼ਮ ਬ੍ਰੈਂਟਨ ਹੈਰੀਸਨ ਟਾਰੈਂਟ ਦੀ ਕ੍ਰਾਈਸਟਚਰਚ ਕਚਹਿਰੀਆਂ ਵਿੱਚ ਪੇਸ਼ੀ ਹੋਈ। 28 ਸਾਲਾ ਬ੍ਰੈਂਟਨ 'ਤੇ ਕਤਲ ਦੀਆਂ ਧਾਰਾਵਾਂ ਲਾਈਆਂ ਗਈਆਂ ਹਨ।ਨਿਊ ਜ਼ੀਲੈਂਡ ਦੀ ਪ੍ਰਧਾਨ ਮੰਤਰੀ ਜਕੈਂਡਾ ਅਰਡਰਨ ਨੇ ਦੱਸਿਆ ਕਿ ਸ਼ੱਕੀ ਨੇ ਪੂਰੀ ਦੁਨੀਆਂ ਦਾ ਦੌਰਾ ਕੀਤਾ ਸੀ ਤੇ ਕਈ ਵਾਰ ਨਿਊਜ਼ੀਲੈਂਡ ਵੀ ਠਹਿਰਦਾ ਰਿਹਾ ਹੈ। ਫਿਲਹਾਲ ਉਹ ਕ੍ਰਾਈਸਟਚਰਚ ਦੇ ਡੂਨਡਿਨ ਇਲਾਕੇ ਵਿੱਚ ਰਹਿ ਰਿਹਾ ਸੀ।_ਨ੍ਹਾਂ ਦੱਸਿਆ ਕਿ ਹਮਲਾਵਰ ਕੋਲ ਅਸਲ੍ਹਾ ਰੱਖਣ ਦਾ ਲਾਈਸੈਂਸ ਸੀ। ਇਹ ਨਵੰਬਰ 2017 ਵਿੱਚ ਲਿਆ ਗਿਆ ਸੀ।

ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਦੀਆਂ ਸੁਰੱਖਿਆ ਏਜੰਸੀਆਂ ਸੱਜੇ ਪੱਖੀਆਂ ਬਾਰੇ ਜਾਂਚ ਕਰ ਰਹੀਆਂ ਸਨ ਪਰ "ਇਲਜ਼ਾਮ-ਸ਼ੁਦਾ ਵਿਅਕਤੀ ਨਾ ਤਾਂ ਏਜੰਸੀਆਂ ਤੇ ਨਾ ਹੀ ਪੁਲਿਸ ਦੇ ਧਿਆਨ ਵਿੱਚ ਆਇਆ।"

ਬ੍ਰੈਂਟਨ ਨੂੰ ਕੈਦੀਆਂ ਵਾਲੇ ਚਿੱਟੇ ਕੱਪੜਿਆਂ ਵਿੱਚ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ ਅਤੇ ਬਿਨਾਂ ਜ਼ਮਾਨਤ ਦੀ ਅਰਜ਼ੀ ਦੇ ਰਿਮਾਂਡ ਵਿੱਚ ਲੈ ਲਿਆ ਗਿਆ।

**ਹਮਲੇ ਦਾ ਲਾਈਵਸਟਰੀਮ**

ਵੀਡੀਓ ਵਿੱਚ ਇੱਕ ਵਿਅਕਤੀ ਆਪਣੇ ਹੈਲਮਟ 'ਤੇ ਲੱਗੇ ਕੈਮਰਾ ਨਾਲ ਸਮੁੱਚੀ ਘਟਨਾ ਇੰਟਰਨੈੱਟ 'ਤੇ ਲਾਈਵ ਸਟਰੀਮ ਕਰਦਾ ਹੈ। ਇਸ ਹਮਲੇ ਦਾ ਇੱਕ ਲਾਈਵ ਕੁਝ ਦੇਰ ਲਈ ਫੇਸਬੁੱਕ 'ਤੇ ਵੀ ਦਿਖਾਇਆ ਗਿਆ, ਜਿਸ ਵਿੱਚ ਖੌਫ਼ਨਾਕ ਹਿੰਸਾ ਵੇਰਵੇ ਸਹਿਤ ਦਿਖਾਈ ਗਈ। ਇਸ ਹਮਲੇ ਦੌਰਾਨ 1992-95 ਦੌਰਾਨ ਸਰਬੀਅਨ ਨੈਸ਼ਨਲਿਸਟ ਪੈਰਾਮਿਲਟਰੀ ਦੀ ਮਾਰਚਿੰਗ ਧੁਨ ਸੁਣਾਈ ਦੇ ਰਹੀ ਹੈ। ਉਹ ਧੁਨ ਬੋਸਨੀਅਨ ਯੁੱਧ ਦੌਰਾਨ ਵਜਾਈ ਜਾਂਦੀ ਸੀ। ਇਹ ਧੁਨ ਬੋਸਨੀਆ ਦੇ ਆਗੂ ਰੈਡੋਵਾਨ ਕਾਰਡਿਜ਼ਿਕ ਦੀ ਪ੍ਰਸ਼ੰਸ਼ਾ ਵਿੱਚ ਬਣਾਈ ਗਈ ਜੋ ਕਿ ਨਸਲਕੁਸ਼ੀ ਦਾ ਦੋਸ਼ੀ ਪਾਏ ਗਏ ਸਨ। ਹਮਲਾਵਰਾਂ ਨੇ ਆਪਣੇ ਹਥਿਆਰਾਂ 'ਤੇ ਮੁਸਲਮਾਨਾਂ ਤੇ ਪਰਵਾਸੀਆਂ ਨੂੰ ਮਾਰਨ ਵਾਲਿਆਂ ਦੇ ਨਾਮ ਲਿਖੇ ਹੋਏ ਸਨ।

ਇੱਕ ਹਥਿਆਰ 'ਤੇ ਯੂਕੇ ਵਿੱਚ ਬਾਲ ਸ਼ੋਸ਼ਣ ਦੇ ਸਕੈਂਡਲ ਦਾ ਹਵਾਲਾ ਦਿੱਤਾ ਗਿਆ ਸੀ ਤਾਂ ਹੋਰਾਂ 'ਤੇ ਯੂਰਪੀ ਦੇਸਾਂ ਤੇ ਓਟੋਮਨ ਅੰਪਾਇਰ ਦੀਆਂ ਤਾਰੀਖ਼ੀ ਲੜਾਈਆਂ ਦੇ ਨਾਮ ਲਿਖੇ ਹੋਏ ਸਨ।

**ਔਨਲਾਈਨ ਗਤੀਵਿਧੀ**

ਆਸਟਰੇਲੀਆ ਦੀਆਂ ਮੀਡੀਆ ਰਿਪੋਰਟਾਂ ਮੁਤਾਬਕ ਬ੍ਰੈਂਟਨ ਦਾ ਪਿਛੋਕੜ ਰਾਜਧਾਨੀ ਸਿਡਨੀ ਤੋਂ 600 ਕਿਲੋਮੀਟਰ ਦੂਰ ਵਸਦੇ ਸ਼ਹਿਰ ਗ੍ਰੈਫਟਨ ਨਾਲ ਹੈ। ਉਹ ਕਦੇ ਇੱਕ ਜ਼ਿੰਮ ਵਿੱਚ ਵੀ ਕੰਮ ਕਰਦਾ ਰਿਹਾ ਹੈ।

ਬ੍ਰੈਂਟਨ ਦੀ ਸਾਬਕਾ ਬੌਸ ਟਰੇਸੀ ਗਰੇ ਨੇ ਸੈਵਨ ਨਿਊਜ਼ ਨੂੰ ਦੱਸਿਆ " ਉਸ ਨੇ (ਬ੍ਰੈਂਟਨ) ਕਦੇ ਵੀ ਕੱਟੜਪੰਥੀ ਜਾਂ ਪਾਗਲਪਣ ਵਾਲਾ ਵਿਹਾਰ ਨਹੀਂ ਕੀਤਾ।" ਇੰਟਰਨੈਟ ਤੇ ਪਾਏ ਗਏ 16,500 ਸਫਿਆਂ ਦੇ ਦਸਤਾਵੇਜ਼ ਦਾ ਸਿਰਲੇਖ ਹੈ- ਦਿ ਗਰੇਟ ਰਿਪਲੇਸਮੈਂਟ ਜੋ ਫਰਾਂਸ ਤੋਂ ਸ਼ੁਰੂ ਹੋਈ ਤੇ ਬਾਅਦ ਵਿੱਚ ਇਸ ਲਾਈਨ ਨੂੰ ਪ੍ਰਵਾਸ ਬਾਰੇ ਕੱਟੜ ਨਜ਼ਰੀਆ ਰੱਖਣ ਵਾਲਿਆਂ ਵੱਲੋਂ ਨਾਅਰੇ ਵਜੋਂ ਵਰਤੀ ਜਾਣ ਲੱਗੀ। ਵੀਡੀਓ ਵਿੱਚ ਵਿਅਕਤੀ ਦੱਸ ਰਿਹਾ ਹੈ ਕਿ ਹਮਲੇ ਦੀ ਯੋਜਨਾ ਉਸ ਨੇ ਸਾਲ 2017 ਵਿੱਚ ਯੂਰਪ ਫੇਰੀ ਦੌਰਾਨ ਕੁਝ ਘਟਨਾਵਾਂ ਦੇਖਣ ਤੋਂ ਬਾਅਦ ਸ਼ੁਰੂ ਕੀਤੀ ਸੀ। ਉਸ ਨੇ ਸਵੀਡਨ ਵਿੱਚ ਇੱਕ ਇਸਲਾਮਿਕ ਸਟੇਟ ਦੇ ਹਮਾਇਤੀ ਵੱਲੋਂ ਲੌਰੀ ਟਰੱਕ ਨਾਲ ਕੀਤਾ ਹਮਲਾ, ਫਰਾਂਸ ਵਿੱਚ ਨਰਮ-ਖ਼ਿਆਲੀ ਅਮੈਨੂਅਲ ਮੈਕਰੋਂ ਦਾ ਰਾਸ਼ਟਰਪਤੀ ਚੁਣਿਆ ਜਾਣਾ ਤੇ ਫਰਾਂਸ ਦੀ ਨਸਲੀ ਵਿਭਿੰਨਤਾ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਹੈ। ਹਾਲਾਂਕਿ ਵਿਅਕਤੀ ਦਾ ਦਾਅਵਾ ਸੀ ਕਿ ਉਸ ਨੂੰ ਪ੍ਰਸਿੱਧੀ ਦੀ ਚਾਹ ਨਹੀਂ ਪਰ ਇਹ ਜ਼ਰੂਰ ਮੰਨਿਆ ਕਿ ਉਹ ਹਮਲਾ ਕਰਕੇ ਬਚਣਾ ਚਾਹੁੰਦਾ ਸੀ। ਉਸ ਨੂੰ ਇਹ ਵੀ ਉਮੀਦ ਸੀ ਕਿ ਇਸ ਘਟਨਾ ਮਗਰੋਂ ਡਰ ਫੈਲੇਗਾ।

ਦਸਤਾਵੇਜ਼ ਮੁਤਾਬਕ ਉਸ ਨੇ ਅਲ ਨੂਰ ਮਸਜਿਦ ਨੂੰ ਤਿੰਨ ਮਹੀਨੇ ਪਹਿਲਾਂ ਚੁਣ ਲਿਆ ਸੀ। ਬੀਬੀਸੀ ਦੇ ਡੌਮਨਿਕ ਕੈਸਿਆਨੀ ਦਾ ਕਹਿਣਾ ਹੈ ਕਿ, ਹਮਲੇ ਦਾ ਕੇਂਦਰੀ ਸਿਧਾਂਤ ਇਹ ਕਿ "ਕੇਂਦਰੀ ਯੂਰਪ ਵਾਲੇ" ਮਰ ਰਹੇ ਹਨ ਤੇ ਉਨ੍ਹਾਂ ਦੀ ਥਾਂ ਪਰਵਾਸੀ ਲੈ ਰਹੇ ਹਨ, ਜਿਨ੍ਹਾਂ ਦੀ ਵੱਖਰੀ ਤੇ ਕਮਤਰ ਸੱਭਿਅਤਾ ਹੈ।

# ਨਿਊਜ਼ੀਲੈਂਡ ਮਸਜਿਦ ਹਮਲਾ : ਘਟਨਾ ਤੋਂ ਬਾਅਦ 9 ਭਾਰਤੀ ਲਾਪਤਾ

ਕ੍ਰਾਈਸਟਚਰਚ - ਇਥੋਂ ਦੀ ਇਕ ਮਸਜਿਦਾਂ ਵਿਚ ਹੋਈ ਅੰਨ੍ਹੇਵਾਹ ਫਾਇਰਿੰਗ ਕਾਰਨ 9 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਇਸ ਵਿਚ ਹਮਲੇ ਤੋਂ ਬਾਅਦ ਭਾਰਤੀ ਮੂਲ ਦੇ 9 ਲੋਕ ਲਾਪਤਾ ਹੋ ਗਏ ਹਨ। ਨਿਊਜ਼ੀਲੈਂਡ ਵਿਚ ਭਾਰਤੀ ਡਿਪਲੋਮੈਟਿਕ ਨੇ ਇਸ ਦੀ ਜਾਣਕਾਰੀ ਮੀਡੀਆ ਨੂੰ ਦਿੱਤੀ ਹੈ ਅਤੇ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ। ਅਜੇ ਇਨ੍ਹਾਂ 9 ਭਾਰਤੀਆਂ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਦੇ ਕ੍ਰਾਈਸਟਚਰਚ ਵਿਚ ਸ਼ੁੱਕਰਵਾਰ ਨੂੰ ਦੋ ਮਸਜਿਦਾਂ ਵਿਚ ਕੁਝ ਹਮਲਾਵਰਾਂ ਨੇ ਫਾਇਰਿੰਗ ਕਰ ਦਿੱਤੀ, ਜਿਸ ਕਾਰਨ 49 ਲੋਕਾਂ ਦੀ ਮੌਤ ਅਤੇ ਦਰਜਨਾਂ ਲੋਕ ਜ਼ਖਮੀ ਹੋ ਗਏ। ਜ਼ਖਮੀਆਂ ਵਿਚੋਂ 20 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਮਸਜਿਦ ਵਿਚ ਬੰਗਲਾਦੇਸ਼ ਕ੍ਰਿਕਟ ਟੀਮ ਦੇ ਖਿਡਾਰੀ ਨਮਾਜ਼ ਅਦਾ ਕਰਨ ਆਏ ਸਨ। ਗੋਲੀਬਾਰੀ ਦੌਰਾਨ ਪੂਰੀ ਟੀਮ ਪਾਰਕ ਦੇ ਰਸਤੇ ਸੁਰੱਖਿਅਤ ਬਾਹਰ ਨਿਕਲ ਗਈ। ਮਸਜਿਦ ਦੇ ਦਰਵਾਜੇ ਬੰਦ ਰੱਖਣ ਦੇ ਹੁਕਮ ਦਿੱਤੇ ਗਏ ਹਨ। ਚਾਰ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਸਥਾਨਕ ਪ੍ਰਸ਼ਾਸਨ ਨੇ ਲੋਕਾਂ ਨੂੰ ਘਰਾਂ ਅੰਦਰ ਰਹਿਣ ਦੀ ਅਪੀਲ ਕੀਤੀ ਹੈ ਕਿਉਂਕਿ ਸ਼ਹਿਰ ਵਿਚ ਹਮਲਾਵਰ ਅਜੇ ਵੀ ਸਰਗਰਮ ਹਨ।